# ਪਰਮੇਸ਼ੁਰ ਬੁਰੀਆਂ ਚੀਜ਼ਾਂ ਵਿੱਚੋਂ ਚੰਗੀਆਂ ਚੀਜ਼ਾਂ ਉਤਪੰਨ ਕਰਦਾ ਹੈ।

ਪ੍ਰਾਰਥਨਾ: "ਪਿਆਰੇ ਪ੍ਰਭੂ, ਕਿਰਪਾ ਕਰਕੇ ਇਸ ਅਧਿਐਨ ਦਾ ਪ੍ਰਯੋਗ ਬੱਚਿਆਂ ਨੂੰ ਇਹ ਵਿਖਾਉਣ ਲਈ ਕਰ ਕਿ ਕਿਵੇਂ ਸਾਰੀਆਂ ਵਸਤਾਂ ਰਲ ਕੇ ਉਨ੍ਹਾਂ ਦਾ ਭਲਾ ਕਰਦੀਆਂ ਹਨ ਜਿਹੜੇ ਵਿਸ਼ਵਾਸ ਕਰਦੇ ਹਨ।"

ਬੱਚਿਆਂ ਦੇ ਸਿੱਖਣ ਵਾਲੀਆਂ ਇੰਨ੍ਹਾਂ ਗਤੀਵਿਧੀਆਂ ਵਿੱਚੋਂ ਕੋਈ ਇੱਕ ਜਾਂ ਸਾਰੀਆਂ ਚੁਣੋ।



ਜੇਕਰ ਸੁਵਿਧਾਜਨਕ ਹੈ ਤਾਂ ਬੱਚਿਆਂ ਨੂੰ ਇਸ ਚਿੱਤਰ ਵਿੱਚ ਰੰਗ ਭਰਨ ਦਿਓ।

ਕਿਸੇ ਵੱਡੇ ਬੱਚੇ ਜਾਂ ਬਾਲਗ ਨੂੰ **ਰਸੂਲਾਂ ਦੇ ਕਰਤੱਬ 27:13-28:10** ਵਿੱਚੋਂ ਕਹਾਣੀ ਪੜ੍ਹਨ ਜਾਂ ਦੱਸਣ ਦਿਓ। ਇਹ ਕਹਾਣੀ ਵਿਖਾਉਂਦੀ ਹੈ ਕਿ ਕਿਵੇਂ ਪਰਮੇਸ਼ੁਰ ਸੰਸਾਰ ਲਈ ਖੁਸ਼ਖਬਰੀ ਅਤੇ ਬਰਕਤ ਲਿਆਉਣ ਲਈ ਆਪਣੇ ਲੋਕਾਂ ਨੂੰ ਇਸਤੇਮਾਲ ਕਰਦਾ ਹੈ, ਸਗੋਂ ਉਦੋਂ ਵੀ ਜਦੋਂ ਬੁਰੀਆਂ ਗੱਲਾਂ ਹੁੰਦੀਆਂ ਹਨ।

ਬੱਚਿਆਂ ਨੂੰ ਇਹ ਪ੍ਰਸ਼ਨ ਪੁੱਛੋ:

- ਪੌਲੁਸ ਕਿਵੇਂ ਜਾਣਦਾ ਸੀ ਕਿ ਜਹਾਜ਼ ਵਿੱਚ ਜਿਹੜੇ ਲੋਕ ਸਨ, ਉਹ ਤੂਫਾਨ ਵਿੱਚ ਨਹੀਂ ਮਰਨਗੇ? (*ਉੱਤਰ: ਰਸੂਲਾਂ ਦੇ ਕਰਤੱਬ 27:23-25 ਵੇਖੋ*)
- ਪੌਲੁਸ ਲਈ ਪਰਮੇਸ਼ੁਰ ਦੀ ਕੀ ਯੋਜਨਾ ਸੀ? (*27:24*)
- ਮਾਲਟਾ ਦੇ ਲੋਕਾਂ ਨੇ ਕਿਉਂ ਸੋਚਿਆ ਕਿ ਪੌਲੁਸ ਪਰਮੇਸ਼ੁਰ ਸੀ? (*25:5-6*)
- ਮਾਲਟਾ ਦੇ ਲੋਕਾਂ ਨੇ ਉਨ੍ਹਾਂ ਦੇ ਟਾਪੂ ਵਿੱਚ ਚੰਗਾਈ ਲਿਆਉਣ ਲਈ ਪੌਲੁਸ ਦਾ ਕਿਵੇਂ ਧੰਨਵਾਦ ਕੀਤਾ? (*28:10*)
- ਪਰਮੇਸ਼ੁਰ ਨੇ ਕਿਸੇ ਬੁਰੀ ਗੱਲ, ਜਿਹੜੀ ਪੌਲੁਸ ਨਾਲ ਹੋਈ ਸੀ, ਦਾ ਪ੍ਰਯੋਗ ਦੂਜਿਆਂ ਲਈ ਭਲਾਈ ਉਤਪੰਨ ਕਰਨ ਲਈ ਕਿਵੇਂ ਕੀਤਾ?

### ਪੌਲੁਸ ਦੇ ਜਹਾਜ਼ ਦੀ ਤਬਾਹੀ ਦੀ ਕਹਾਣੀ ਦੇ ਭਾਗਾਂ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

ਮੰਡਲੀ ਵਿੱਚ ਅਰਾਧਨਾ ਕਰਨ ਵਾਲੇ ਮੁੱਖ ਆਗੂਆਂ ਨਾਲ ਮਿਲਕੇ ਪ੍ਰਬੰਧ ਕਰੋ ਤਾਂ ਜੋ ਬੱਚੇ ਇਸ ਛੋਟੇ ਨਾਟਕ ਨੂੰ ਕੁਝ ਬਾਲਗਾਂ ਦੀ ਮਦਦ ਨਾਲ ਪੇਸ਼ ਕਰ ਸਕਣ। ਜੇਕਰ ਸਾਰੇ ਭਾਗਾਂ ਲਈ ਤੁਹਾਡੇ ਕੋਲ ਕਾਫੀ ਬੱਚੇ ਨਹੀਂ ਹਨ, ਤਾਂ ਗੁਆਂਢੀਆਂ ਦੇ ਬੱਚਿਆਂ ਦੀ ਮਦਦ ਮੰਗੋ। ਇਹ ਉਨ੍ਹਾਂ ਦੀ ਮਸੀਹ ਨੂੰ ਲੱਭਣ ਵਿੱਚ ਮਦਦ ਕਰਨ ਦਾ ਸਭ ਤੋਂ ਵਧੀਆ ਢੰਗ ਹੈ। ਬੱਚਿਆਂ ਨੂੰ ਗੱਲਬਾਤ ਦੇ ਹਰ ਸ਼ਬਦ ਨੂੰ ਯਾਦ ਕਰਨ ਦੀ ਲੋੜ ਨਹੀਂ ਹੈ; ਸਿਰਫ ਇਹ ਯਕੀਨੀ ਬਣਾਓ ਕਿ ਹਰ ਬੱਚਾ ਆਮ ਵਿੱਚਾਰ ਜਾਣਦਾ ਹੋਵੇ ਕਿ ਕੀ ਕਹਿਣਾ ਹੈ।

ਵੱਡੇ ਬੱਚਿਆਂ ਜਾਂ ਬਾਲਗਾਂ ਨੂੰ ਇਹ ਕਿਰਦਾਰ ਨਿਭਾਉਣ ਦਿਓ:

- ਕਥਾਵਾਚਕ : ਕਹਾਣੀ ਦਾ ਖੁਲਾਸਾ ਕਰਦਾ ਹੈ ਅਤੇ ਬੱਚਿਆਂ ਨੂੰ ਯਾਦ ਕਰਨ ਵਿੱਚ ਮਦਦ ਕਰਦਾ ਹੈ, ਜੋ ਉਨ੍ਹਾਂ ਨੇ ਕਹਿਣਾ ਹੈ।
- ਪੌਲੁਸ

- ਪੁਬਲਿਯੁਸ, ਜਿਸਨੇ ਪੌਲੁਸ ਨੂੰ ਰੋਮ ਵਿੱਚ ਆਉਣ ਦਾ ਸੱਦਾ ਦਿੱਤਾ।
  ਛੋਟੇ ਬੱਚਿਆਂ ਨੂੰ ਇਹ ਕਿਰਦਾਰ ਨਿਭਾਉਣ ਦਿਓ
- ਜਹਾਜ਼ ਦਾ ਸੂਬੇਦਾਰ
- ਜਹਾਜ਼ ਦੇ ਮੱਲਾਹ
- ਅੱਗ ਦੁਆਲੇ ਮਾਲਟਾ ਦੇ ਲੋਕ

### ਨਾਟਕ, ਪਹਿਲਾ ਭਾਗ : ਤੁਫ਼ਾਨ (ਰਸੂਲਾਂ ਦੇ ਕਰਤੱਬ **27:13-30**)

ਕਥਾਵਾਚਕ : ਕਹਾਣੀ ਦੇ ਪਹਿਲੇ ਭਾਗ ਨੂੰ ਮੂੰਹ ਜ਼ਬਾਨੀ ਪੜ੍ਹੇ ਜਾਂ ਦੱਸੇ, ਰਸੂਲਾਂ ਦੇ ਕਰਤੱਬ 27:13-30 ਕਹੇ, "ਸੁਣੋ ਮੱਲਾਹਾਂ ਨੇ ਕੀ ਰੌਲਾ ਪਾਇਆ?"

ਮੱਲਾਹ: ਜ਼ੋਰ ਨਾਲ ਰੌਲਾ ਪਾਉਣ, "ਮੈਨੂੰ ਇਸ ਤੁਫ਼ਾਨ ਤੋਂ ਡਰ ਲੱਗਦਾ!" "ਅਸੀਂ ਸਾਰੇ ਮਰ ਜਾਵਾਂਗੇ।"

ਕਥਾਵਾਚਕ : "ਸੁਣੋ ਪੌਲੁਸ ਉੱਚੀ ਅਵਾਜ਼ ਵਿੱਚ ਕੀ ਕਹਿੰਦਾ ਹੈ।"

ਪੌਲੁਸ : ਉੱਚੀ ਅਵਾਜ਼ ਨਾਲ ਕਹੇ, "ਮੱਲਾਹੋ, ਇਸ ਜਹਾਜ਼ ਨੂੰ ਛੱਡ ਕੇ ਨਾ ਜਾਓ! ਅਸੀਂ ਸਾਰੇ ਬਚ ਜਾਵਾਂਗੇ ਕਿਉਂਕਿ ਮੇਰੇ ਪਰਮੇਸ਼ੁਰ ਕੋਲ, ਮੇਰੇ ਲਈ ਕੰਮ ਹੈ, ਜਿਹੜਾ ਮੈਂ ਕਰਨਾ ਹੈ।"

### ਨਾਟਕ, ਦੂਜਾ ਭਾਗ: ਜਹਾਜ਼ ਦਾ ਟੁੱਟਣਾ (ਰਸੂਲਾਂ ਦੇ ਕਰਤੱਬ **27:31-44**)

ਕਥਾਵਾਚਕ : ਰਸੂਲਾਂ ਦੇ ਕਰਤੱਬ 27:31-44 ਵਿੱਚੋਂ ਕਹਾਣੀ ਦਾ ਦੂਜਾ ਭਾਗ ਦੱਸੇ।

ਕਹੇ, "ਸੁਣੋ ਸੂਬੇਦਾਰ ਕੀ ਰੌਲਾ ਪਾਉਂਦਾ ਹੈ?"

ਸੂਬੇਦਾਰ: ਉੱਚੀ ਅਵਾਜ਼ ਨਾਲ ਕਹੇ, "ਅਸੀਂ ਡੁੱਬ ਰਹੇ ਹਾਂ! ਤਖਤਾ ਖੋਹੋ! ਕਿਨਾਰੇ ਨੂੰ ਤਰ ਕੇ ਚੱਲੋ।"

### ਤੀਜ਼ਾ ਭਾਗ: ਸੱਪ ਅਤੇ ਅੱਗ (ਰਸੂਲਾਂ ਦੇ ਕਰਤੱਬ **28:1-6**)

ਕਥਾਵਾਚਕ : ਰਸੂਲਾਂ ਦੇ ਕਰਤੱਬ 28:1-6 ਵਿੱਚੋਂ ਕਹਾਣੀ ਦਾ ਤੀਜਾ ਭਾਗ ਦੱਸੇ।

ਕਹੇ: "ਸੁਣੋ! ਲੋਕਾਂ ਨੇ ਕੀ ਰੌਲਾ ਪਾਇਆ।"

ਲੋਕ ਅੱਗ ਦੇ ਨੇੜੇ, "ਵੇਖੋ, ਜ਼ਹਿਰੀਲੇ ਸੱਪ ਨੇ ਉਸਨੂੰ ਡੰਗ ਮਾਰ ਦਿੱਤਾ!" "ਉਸਨੇ ਸੱਪ ਨੂੰ ਅੱਗ ਵਿੱਚ ਝਟਕ ਦਿੱਤਾ!" "ਉਸਦਾ ਹੱਥ ਬਿਲਕੁਲ ਨਹੀਂ ਸੁੱਜਾ!"

ਪੁਬਲਿਯੁਸ : "ਮੈਂ ਹੈਰਾਨ ਹਾਂ ਕਿ ਸੱਪ ਨੇ ਮੈਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਤੇਰਾ ਪਰਮੇਸ਼ੁਰ ਤਾਕਤਵਰ ਹੈ। ਕਿਰਪਾ ਕਰਕੇ ਮੇਰੇ ਘਰ ਚੱਲ।"

### ਚੌਥਾ ਭਾਗ: ਪਬਲਿਯੁਸ ਦਾ ਪਿਤਾ ਚੰਗਾ ਹੋਇਆ (ਰਸੂਲਾਂ ਦੇ ਕਰਤੱਬ **28:7-10**)

ਕਥਾਵਾਚਕ: ਰਸੂਲਾਂ ਦੇ ਕਰਤੱਬ 28:7-10 ਵਿੱਚੋਂ ਕਹਾਣੀ ਦਾ ਚੌਥਾ ਭਾਗ ਦੱਸੇ ਅਤੇ ਕਹੇ, "ਸੁਣੋ, ਮਾਲਟਾ ਦੇ ਲੋਕਾਂ ਨੇ ਉੱਚੀ ਅਵਾਜ਼ ਨਾਲ ਕੀ ਕਿਹਾ।"

ਲੋਕ : ਉੱਚੀ ਆਵਾਜ਼ ਨਾਲ ਕਹਿਣ, "ਉਸਦੇ ਪਰਮੇਸ਼ੁਰ ਨੇ ਸਾਡੇ ਸਰਦਾਰ ਦੇ ਪਿਤਾ ਨੂੰ ਚੰਗਾ ਕੀਤਾ ਹੈ!" "ਕਿਰਪਾ ਕਰਕੇ ਆ ਅਤੇ ਮੇਰੀ ਮਾਤਾ ਲਈ ਪ੍ਰਾਰਥਨਾ ਕਰ।" "ਕਿਰਪਾ ਕਰਕੇ ਆ ਅਤੇ ਮੇਰੇ ਭਰਾ ਲਈ ਪ੍ਰਾਰਥਨਾ ਕਰ।"

ਕਥਾਵਾਚਕ : ਦੱਸੇ ਕਿ ਨਾਟਕ ਖ਼ਤਮ ਹੋ ਗਿਆ ਹੈ। ਸੁਣਨ ਲਈ ਬੱਚਿਆਂ ਦਾ ਅਤੇ ਬਾਲਗਾਂ ਦਾ ਧੰਨਵਾਦ ਕਰੇ।

ਪੁੱਛੋ : ਕਿਵੇਂ ਪਰਮੇਸ਼ੁਰ ਦੁੱਖਦਾਈ ਗੱਲਾਂ ਨੂੰ ਜੋ ਸਾਡੇ ਜੀਵਨਾਂ ਵਿੱਚ ਹੁੰਦੀਆਂ ਹਨ, ਭਲਾਈ ਉਤਪੰਨ ਕਰ ਲਈ ਪ੍ਰਯੋਗ ਕਰਦਾ ਹੈ, ਇਸਦੀਆਂ ਹੋਰ ਕਿਹੜੀਆਂ ਉਦਾਹਰਣਾਂ ਹਨ? (ਬੱਚਿਆਂ ਜਾਂ ਬਾਲਗਾਂ ਨੂੰ ਉਦਾਹਰਣਾਂ ਦੇਣ ਦਿਓ।)

ਮੰਡਲੀ ਦੇ ਆਗੂਆਂ ਨਾਲ ਮਿਲਕੇ ਬੱਚਿਆਂ ਲਈ ਪ੍ਰਬੰਧ ਕਰੋ:

- ਅਰਾਧਨਾ ਸਮੇਂ ਦੌਰਾਨ ਬਾਲਗਾਂ ਲਈ ਨਾਟਕ ਪੇਸ਼ ਕਰਨਾ।
- ਬਾਲਗਾਂ ਕੋਲੋਂ ਉਹ ਪ੍ਰਸ਼ਨ ਪੁੱਛੋ, ਜਿਨ੍ਹਾਂ ਦੀ ਸੂਚੀ ਇਸ ਅਧਿਐਨ ਦੀ ਸ਼ੁਰੂਆਤ ਨੇੜੇ ਦਿੱਤੀ ਗਈ ਹੈ।
- ਕਵਿਤਾ ਅਤੇ ਹੋਰ ਜੋ ਕੁਝ ਵੀ ਉਨ੍ਹਾਂ ਤਿਆਰ ਕੀਤਾ ਹੈ, ਪੇਸ਼ ਕਰਨਾ।



ਰੋਮੀਆਂ 8:28 ਯਾਦ ਕਰੋ:

ਅੱਗ ਵਿੱਚ ਡਿੱਗ ਰਹੇ ਸੱਪ ਦਾ ਚਿੱਤਰ ਬਣਾਓ। ਵੱਡੇ ਬੱਚਿਆਂ ਨੂੰ ਛੋਟਿਆਂ ਦੀ ਮਦਦ ਕਰਨ ਦਿਓ। ਬੱਚਿਆਂ ਨੂੰ ਆਪਣੇ ਚਿੱਤਰ, ਬਾਲਗਾਂ ਨੂੰ ਅਗਲੇ ਅਰਾਧਨਾ ਸਮੇਂ ਦੌਰਾਨ ਵਿਖਾਉਣ ਦਿਓ ਅਤੇ ਇਹ ਵੀ ਦੱਸਣ ਦਿਓ ਕਿ ਇਹ ਇਸ ਗੱਲ ਦੀ ਉਦਾਹਰਣ ਹੈ ਕਿ ਪਰਮੇਸ਼ੁਰ ਸ਼ੈਤਾਨ ਨੂੰ ਹਰਾ ਰਿਹਾ ਹੈ।

ਕਵਿਤਾ : ਜ਼ਬੂਰ 69 ਵਿੱਚੋਂ ਤਿੰਨਾਂ ਬੱਚਿਆਂ ਨੂੰ ਇਨ੍ਹਾਂ ਆਇਤਾਂ ਨੂੰ ਪੜ੍ਹਨ ਦਿਓ:

ਹੇ ਪਰਮੇਸ਼ੁਰ ਮੈਨੂੰ ਬਚਾ ਲੈ, ਪਾਣੀ ਮੇਰੀ ਜਾਨ ਤੀਕੁਕ ਜੋ ਆਏ ਹਨ। ਮੈਂ ਡਾਢੇ ਚਿੱਕੜ ਵਿੱਚ ਧਸ ਚੱਲਿਆ ਹਾਂ, ਜਿੱਥੇ ਖਲੋਤਾ ਨਹੀਂ ਜਾਂਦਾ, ਮੈਂ ਡੂੰਘੇ ਪਾਣੀ ਵਿੱਚ ਪੈ ਗਿਆ, ਜਿੱਥੇ ਹੜ੍ਹ ਮੇਰੇ ਉੱਤੋਂ ਦੀ ਲੰਘਦਾ ਜਾਂਦਾ ਹੈ।

ਕਿਉਂ ਜੋ ਤੇਰੇ ਘਰ ਦੀ ਗ਼ੈਰਤ ਮੈਨੂੰ ਖਾ ਗਈ ਹੈ, ਅਤੇ ਤੇਰੇ ਨਿੰਦਕਾਂ ਦੀਆਂ ਨਿੰਦਿਆ ਮੇਰੇ ਉੱਤੇ ਆ ਪਈਆਂ। ਉਨ੍ਹਾਂ ਨੇ ਖਾਣ ਲਈ ਮੈਨੂੰ ਪਿੱਤ ਦਿੱਤਾ, ਅਤੇ ਤ੍ਰੇਹ ਦੇ ਵੇਲੇ ਮੈਨੂੰ ਸਿਰਕਾ ਪਿਆਇਆ।

ਅਤੇ ਆਪਣੇ ਦਾਸ ਤੋਂ ਆਪਣਾ ਮੂੰਹ ਨਾ ਲੁਕਾ, ਕਿਉਂ ਜੋ ਮੈਂ ਡਾਢਾ ਔਖਾ ਹਾਂ। ਛੇਤੀ ਮੈਨੂੰ ਉੱਤਰ ਦੇਹ!

ਵੱਡੇ ਬੱਚਿਆਂ ਨੂੰ ਕਵਿਤਾ, ਗੀਤ ਜਾਂ ਛੋਟੀ ਕਹਾਣੀ ਲਿਖਣ ਦਿਓ, ਜਾਂ ਇਸ ਗੱਲ ਦੀ ਉਦਾਹਰਣ ਦੇਣ ਲਈ, ਗਵਾਹੀ ਦੇਣ ਦਿਓ ਜੋ ਉਨ੍ਹਾਂ ਹੁੰਦਿਆਂ ਵੇਖਿਆ ਹੈ, ਜੋ ਵਿਖਾਉਂਦਾ ਹੈ ਕਿ ਕਿਵੇਂ ਪਰਮੇਸ਼ੁਰ ਬੁਰੇ ਹਾਲਾਤਾਂ ਵਿੱਚ ਭਲਾਈ ਉਤਪੰਨ ਕਰਦਾ ਹੈ..

ਪ੍ਰਾਰਥਨਾ : ''ਪਿਆਰੇ ਪਰਮੇਸ਼ੁਰ, ਅਸੀਂ ਤੇਰੇ ਤੇ ਭਰੋਸਾ ਕਰਦੇ ਹਾਂ ਕਿ ਤੂੰ ਸਾਡੇ ਲਈ ਅਤੇ ਦੂਜਿਆਂ ਲਈ, ਬੁਰਾਈ ਜੋ ਸਾਡੇ ਨਾਲ ਹੁੰਦੀ ਹੈ, ਉਸ ਵਿੱਚੋਂ ਭਲਾਈ, ਉਤਪੰਨ ਕਰ ਸਕਦਾ ਹੈਂ। ਸਾਡੀ ਮਦਦ ਕਰ ਕਿ ਅਸੀਂ ਬੁਰੇ ਸਮਿਆਂ ਵਿੱਚ ਵੀ ਖੁਸ਼ੀ ਨਾਲ ਤੇਰੀ ਸੇਵਾ ਕਰਦੇ ਰਹੀਏ। ਯਿਸੂ ਦੇ ਨਾਮ ਵਿੱਚ।''

Copyright 2004 © by Paul-Timothy. May be freely copied. Download from www.Paul-Timothy.net